# ਭਵਿਖਬਾਣਿਆ ਮਸੀਹ ਦੇ ਬਾਰੇ ਵਿਚ ਜੋ ਯਿਸੂ ਮਸੀਹ ਵਿਚ ਪੂਰਿਆਂ ਹੋਇਆਂ ਇਥੇ ਉਹਨਾ ਦੇ ਪੂਰੇ ਹੋਨ ਦੀ ਤਰਤੀਬ ਵਿਚ ਦਿਤਿਆਂ ਹਨ

| ਭਵਿਖਬਾਣਿ<br>ਪੁਰਾਨੇ ਨੇਮ ਵਿਚ | ਵਿਸ਼ਾ | ਪ੍ਰਭੂ ਯਿਸੂ ਮਸੀਹ ਵਿਚ ਪੂਰਾ ਹੋਨਾ<br>ਨਵੇਂ ਨੇਮ ਦੇ ਵਿਚ |
|---|---|---|
| ਉਤਪਤ ੩: ੧੫<br>ਮੈਂ ਤੇਰੇ ਅਤੇ ਔਰਤ ਵਿਚ, ਤੇਰੀ ਸੰਤਾਨ ਅਤੇ ਔਰਤ ਦੀ ਸੰਤਾਨ ਵਿਚ, ਵੈਰ ਪਾਵਾਂਗਾ; ਉਹ ਤੇਰੀ ਸਿਰੀ ਫੇਵੇਗਾ, ਅਤੇ ਤੂੰ ਉਸ ਦੀ ਅੱਡੀ ਡੰਗੇਗਾ । | **ਔਰਤ ਦੀ ਸੰਤਾਨ** | ਗਲਾਤੀਆਂ ੪:੪<br>ਪਰ ਜਦੋਂ ਠੀਕ ਠਹਿਰਾਇਆ ਹੋਇਆ ਸਮਾਂ ਆਇਆ; ਤਾਂ ਪਰਮੇਸ਼ਰ ਨੇ ਆਪਣੇ ਪੁੱਤਰ ਨੂੰ ਘਲਿਆ, ਜੋ ਇਕ ਔਰਤ ਤੋਂ ਜਨਮਿਆਂ ਅਤੇ ਵਿਵਸਥਾ ਦੇ ਅਧੀਨ ਰਿਹਾ । |
| ਉਤਪਤ ੧੨: ੩<br>"ਤੇਰੇ ਅਸੀਸ ਦੇਣ ਵਾਲਿਆਂ ਨੂੰ ਮੈਂ ਅਸੀਸ ਦੇਵਾਂਗਾ; ਪਰ ਤੇਰੇ ਸਰਾਪ ਦੇਣ ਵਾਲਿਆਂ ਨੂੰ, ਮੈਂ ਸਰਾਪ ਦੇਵਾਂਗਾ । ਤੇਰੇ ਦੁਆਰਾ ਧਰਤੀ ਤੇ ਸਭ ਲੋਕ, ਅਸੀਸ ਪ੍ਰਾਪਤ ਕਰਨਗੇ ।" | **ਅਬਰਾਹਾਮ ਦੀ ਸੰਤਾਨ** | ਮਤੀ ੧:੧<br>ਯਿਸੂ ਮਸੀਹ ਦੇ ਵੰਸ਼ ਦਾ ਲੇਖਾ ਇਸ ਤਰ੍ਹਾਂ ਹੈ : ਉਹ ਦਾਊਦ ਦੇ ਵੰਸ਼ ਵਿਚੋਂ ਸਨ, ਜੋ ਅਬਰਾਹਾਮ ਦੇ ਵੰਸ਼ ਵਿਚੋ ਸੀ । |
| ਉਤਪਤ ੧੭: ੧੯ ਪਰ ਪਰਮੇਸ਼ਰ ਨੇ ਕਿਹਾ, "ਨਹੀਂ, ਤੇਰੀ ਪਤਨੀ, ਤੇਰੇ ਲਈ ਇਕ ਪੁੱਤਰ ਨੂੰ ਜਨਮ ਦੇਵੇਗੀ, ਤੂੰ ਉਸ ਦਾ ਨਾਂ ਇਸਹਾਕ ਰੱਖੀ । ਮੈਂ ਆਪਣਾ ਨੇਮ ਉਸ ਦੇ ਨਾਲ ਅਤੇ ਉਸ ਦੀ ਸੰਤਾਨ ਨਾਲ ਬੰਨ੍ਹਾਂਗਾ । | **ਇਸਹਾਕ ਦੀ ਸੰਤਾਨ** | ਲੂਕਾ ੩:੩੪ ਯਹੂਦਾ ਦਾ ਯਾਕੂਬ, ਯਾਕੂਬ ਦਾ ਇਸਹਾਕ, ਇਸਹਾਕ ਦਾ ਅਬਰਾਹਾਮ, ਅਬਰਾਹਾਮ ਦਾ ਤਾਰਹ ਅਤੇ ਤਾਰਹ ਦਾ ਨਾਹੋਰ ਸੀ । |
| ਗਿਣਤੀ ੨੪: ੧੭<br>ਮੈਂ ਇਸਰਾਈਲ ਦਾ ਭਵਿਖ ਦੇਖ ਸਕਦਾ ਹਾਂ, ਯਾਕੂਬ ਦੇ ਵੰਸ ਤੋਂ ਇਕ ਸ਼ਕਤੀ ਸ਼ਾਲੀ ਰਾਜਾ ਪੈਦਾ ਹੋਵੇਗਾ, ਜਿਸ ਦੇ ਹੱਥ ਵਿਚ ਇਕ ਰਾਜ ਡੰਡ ਹੋਵੇਗਾ, ਉਹ ਮੋਆਬ ਨੂੰ ਮਿੱਧੇਗਾ, ਅਤੇ ਘਮੰਡੀਆਂ ਦਾ ਸਿਰ ਨੀਵਾਂ ਕਰੇਗਾ । | **ਯਾਕੂਬ ਦੀ ਸੰਤਾਨ** | ਮਤੀ ੧:੨<br>ਅਬਰਾਹਾਮ ਇਸਹਾਕ ਦਾ ਪਿਤਾ ਸੀ । ਇਸਹਾਕ ਯਾਕੂਬ ਦਾ ਅਤੇ ਯਾਕੂਬ ਯਹੂਦਾ ਅਤੇ ਉਸ ਦੇ ਭਰਾਵਾਂ ਦਾ ਪਿਤਾ ਸੀ । |
| ਉਤਪਤ ੪੯: ੧੦ ਯਹੂਦਾ ਹਮੇਸ਼ਾ ਰਾਜ ਕਰੇਗਾ, ਉਸ ਦਾ ਰਾਜਦੰਡ ਹਮੇਸ਼ਾ ਉਸ ਕੋਲ ਰਹੇਗਾ; ਜਦੋਂ ਤਕ ਕਿ ਸ਼ਾਂਤੀਦਾਤਾ ਉਸ ਦਾ ਵਾਰਸ ਨਾ ਆ ਜਾਵੇ, ਲੋਕ ਉਸ ਦੇ ਸਾਹਮਣੇ ਆਪਣੇ ਸਿਰ ਨੀਵਾਂ ਕਰਨਗੇ । | **ਯਹੂਦਾ ਦੀ ਵੰਸ਼ ਦਾ ਵਾਰਸ** | ਲੂਕਾ ੩: ੩੩<br>ਨਹਸ਼ੋਨ ਦਾ ਪਿਤਾ ਅੰਮੀਨਾਦਾਬ, ਅੰਮੀਨਾਦਾਬ ਦਾ ਅਭਮੀਨ, ਅਭਮੀਨ ਦਾ ਅਰਨੀ, ਅਰਨੀ ਦਾ ਹਸ਼ਰੋਨ, ਹਸ਼ਰੋਨ ਦਾ ਪਿਰਸ਼, ਅਤੇ ਪਿਰਸ਼ ਦਾ ਪਿਤਾ ਯਹੂਦਾ ਸੀ । |

| | | |
|---|---|---|
| ਯਸਾਯਾਹ ੯: ੭<br>ਉਸ ਦੀ ਸ਼ਾਹੀ ਸ਼ਕਤੀ ਹਮੇਸ਼ਾ ਵੱਧਦੀ ਜਾਵੇਗੀ, ਅਤੇ ਉਸ ਦੇ ਰਾਜ ਵਿਚ ਹਮੇਸ਼ਾ ਸ਼ਾਤੀ ਰਹੇਗੀ, ਉਹ ਰਾਜਾ ਦਾਊਦ ਦੀ ਰਾਜ ਗੱਦੀ ਉਤਰਾਧਿਕਾਰੀ ਹੋਵੇਗਾ, ਉਸ ਦੀ ਰਾਜ ਸ਼ਕਤੀ ਦਾ ਅਧਾਰ ਹੁਣ ਤੋਂ ਲੈ ਕੇ ਅੰਤ ਤਕ, ਭਲਾਈ ਅਤੇ ਨਿਆਂ ਹੋਵੇਗਾ । ਸਰਵ ਸ਼ਕਤੀਮਾਨ ਪ੍ਰਭੂ ਆਪ ਇਹ ਸਭ ਕਰੇਗਾ । | **ਦਾਊਦ ਦੀ ਰਾਜ ਗੱਦੀ ਦਾ ਉਤਰਾਧਿਕਾਰੀ ਹੋਵੇਗਾ** | ਲੂਕਾ ੧: ੩੨, ੩੩<br>ਉਹ ਮਹਾਨ ਹੋਵੇਗਾ । ਉਹ ਪਰਮ ਪਰਮੇਸ਼ਰ ਦਾ ਪੁੱਤਰ ਅਖਵਾਵੇਗਾ । ਪ੍ਰਭੂ ਪਰਮੇਸ਼ਰ, ਉਸ ਦੇ ਪੁਰਖੇ ਦਾਊਦ ਦੀ ਰਾਜ ਗੱਦੀ ਉਸ ਨੂੰ ਦੇਵੇਗਾ । ਉਹ ਸਦਾ ਤੀਕ ਯਾਕੂਬ ਦੇ ਟਬਰ ਉਤੇ ਰਾਜ ਕਰੇਗਾ । ਉਸ ਦੇ ਰਾਜ ਦਾ ਅੰਤ ਨਹੀਂ ਹੋਵੇਗਾ । |
| ਭਜਨ ੪੫: ੬,੭; ੧੦੨: ੨੫-੨੭<br>ਪਰਮੇਸ਼ਰ ਤੋਂ ਮਿਲਿਆ, ਤੇਰਾ ਸਿੰਘਾਸਣ, ਹਮੇਸ਼ਾ ਤਕ ਰਹੇਗਾ । ਤੇਰਾ ਰਾਜ ਦੰਢ, ਨਿਆਂ ਦਾ ਰਾਜ ਹੈ । ਤੂੰ ਸਚਾਈ ਨੂੰ ਪਿਆਰ ਕੀਤਾ, ਅਤੇ ਦੁਸ਼ਟਾਂ ਨੂੰ ਘਿਰਣਾ, ਤੈਨੂੰ ਤੇਰੇ ਭਰਾਵਾਂ ਵਿਚੋ ਚੁਣ ਲਿਆ, ਅਤੇ ਤੇਰਾ ਅਨੰਦ ਦੇ ਤੇਲ ਨਾਲ ਅਭਿਸ਼ੇਕ ਕੀਤਾ ਹੈ । | **ਅਭਿਸ਼ੇਕ ਕੀਤਾ ਹੋਏਆ ਅਤੇ ਅਨੰਤਕਾਲ ਤਕ ਰਾਜ ਕਰੇਗਾ** | ਇਬਰਾਨੀਆਂ ੧: ੮-੧੨<br>ਪਰ ਪੁੱਤਰ ਦੇ ਬਾਰੇ ਉਹ ਇਸ ਤਰ੍ਹਾਂ ਕਹਿੰਦਾ ਹੈ: “ਹੇ ਪਰਮੇਸ਼ਰ, ਤੇਰਾ ਸਿੰਆਸ਼ਣ ਅਨੰਤਕਾਲ ਤਕ ਸਥਿਰ ਰਹੇਗਾ, ਤੇਰਾ ਰਾਜ ਦੰਢ ਤੇਰੇ ਭਲੇ ਰਾਜ ਦਾ ਰਾਜ ਦੰਢ ਹੈ । |
| ਮੀਕਾਹ ੫:੨<br>ਪ੍ਰਭੂ ਕਹਿੰਦਾ ਹੈ: “ਹੇ ਬੈਤਲਹਮ ਅਫਰਾਥਾਹ, ਤੂੰ ਯਹੂਦਾਹ ਦੇ ਸਭ ਨਗਰਾਂ ਵਿਚ ਸਭ ਤੋਂ ਛੋਟਾ ਹੈਂ, ਪਰ ਮੈਂ ਤੇਰੇ ਵਿਚੋਂ ਹੀ ਇਸਰਾਈਲ ਲਈ ਇਕ ਸ਼ਾਸਕ ਪੈਦਾ ਕਰਾਂਗਾ, ਜਿਸ ਦੇ ਵੰਸ਼ ਦਾ ਸੰਬੰਧ ਪ੍ਰਾਚੀਨ ਕਾਲ ਅਰਥਾਤ ਆਦ ਤੋਂ ਹੈ ।” | **ਬੈਤਲਹਮ ਵਿਚ ਜਨਮ ਲਵੇਗਾ** | ਲੂਕਾ ੨: ੪, ੫, ੭<br>ਯੂਸਫ਼ ਦਾਊਦ ਦੀ ਕੁਲ ਵਿਚੋਂ ਸੀ । ਇਸ ਲਈ ਉਹ ਗਲੀਲ ਦੇ ਇਲਾਕੇ ਦੇ ਪਿੰਡ ਨਾਸਰਤ ਤੋਂ ਦਾਊਦ ਦੇ ਨਗਰ ਬੈਤਲਹਮ ਨੂੰ ਗਿਆ । ਯੂਸਫ਼ ਆਪਣੇ ਨਾਲ ਆਪਣੀ ਮੰਗੇਤਰ ਮਰੀਅਮ ਨੂੰ ਵੀ ਜਨ ਗਣਨ ਦੇ ਲਈ ਲੈ ਗਿਆ । ਮਰੀਅਮ ਗਰਭਵਤੀ ਸੀ । ਇਸ ਲਈ ਉਸ ਨੇ ਆਪਣੇ ਜੇਠੇ ਪੁੱਤਰ ਨੂੰ ਜਨਮ ਦਿੱਤਾ । |
| ਦਾਨਿਏਲ ੯: ੨੫<br>ਤੂੰ ਇਸ ਤੇ ਧਿਆਨ ਕਰ ਅਤੇ ਸਮਝ : ਯਰੂਸ਼ਲਮ ਨੂੰ ਦੁਬਾਰਾ ਉਸਾਰੇ ਜਾਣ ਦੇ ਲਈ ਮਿਲੇ ਹੁਕਮ ਤੋਂ ਲੈ ਕੇ, ਪਰਮੇਸ਼ਰ ਦੇ ਚੁਣੇ ਹੋਏ ਆਗੂ ਦੇ ਆਉਣ ਤਕ ਦਾ ਸਮਾਂ, ਸੱਤਾਂ ਸਾਲਾਂ ਦਾ ਸੱਤ ਗੁਣਾ ਹੈ । ਸੋ ਯਰੂਸ਼ਲਮ ਦੁਬਾਰਾ ਉਸਾਰਿਆ ਜਾਵੇਗਾ, ਜਿਸ ਦੀਆਂ ਗਲੀਆਂ ਪੱਕੀਆਂ ਸੁਰੱਖਿਅਤ ਅਤੇਚਾਰਦੀਵਾਰੀ ਵਾਲਿਆਂ | **ਉਸਦਾ ਜਨਮ ਦਾ ਸਮਾਂ** | ਲੂਕਾ ੨: ੧, ੨<br>ਉਹਨਾਂ ਦਿਨਾਂ ਵਿਚ ਰੋਮੀ ਕੈਸਰ ਅਗੁਸਤੁਸ ਨੇ ਇਹ ਆਗਿਆ ਦਿੱਤੀ ਕਿ ਉਸ ਦੇ ਸਾਰੇ ਸਾਮਰਾਜ ਦੇ ਨਾਗਰਿਕਾਂ ਦੀ ਜਨ ਗਣਨਾ ਕੀਤੀ ਜਾਵੇ । ਉਸ ਦੇ ਰਾਜ ਕਾਲ ਵਿਚ ਇਹ ਪਹਿਲੀ ਜਨ ਗਣਨ ਸੀ । ਉਸ ਸਮੇਂ ਕਰੇਨਿਯੁਸ ਸੁਰਿਆ ਦਾ ਰਾਜਪਾਲ ਸੀ । |

| | | |
|---|---|---|
| ਹੋਣਗੀਆਂ, ਜੋ ਬਾਹਠ ਸਾਲਾਂ ਦੇ ਸੱਤ ਗੁਣਾ ਸਮੇਂ ਤਕ ਰਹੇਗਾ । ਪਰ ਇਹ ਸਾਰਾ ਸਮਾਂ ਦੁੱਖਾਂ ਭਰਿਆ ਹੋਵੇਗਾ । | | |
| ਯਸਾਯਾਹ ੭: ੧੪<br>ਪਰ ਪ੍ਰਭੂ ਆਪ ਤੁਹਾਨੂੰ ਚਿੰਨ੍ਹ ਦੇਵੇਗਾ : ਇਕ ਜਵਾਨ ਔਰਤ ਗਰਭਵਤੀ ਹੋਵੇਗੀ ਅਤੇ ਪੁੱਤਰ ਨੂੰ ਜਨਮ ਦੇਵੇਗੀ ਅਤੇ ਉਸ ਦਾ ਨਾਂ ਇਮਾਨੂੰਏਲ ਰੱਖੇਗੀ । | **ਕੁਵਾਰੀ ਤੋਂ ਜਨਮ ਲੈਵੇਗਾ** | ਲੂਕਾ ੧: ੨੬, ੨੭, ੩੦, ੩੧<br>ਇਲੀਸਬਾ ਨੂੰ ਗਰਭਵਤੀ ਹੋਇਆਂ ਛੇ ਮਹੀਨੇ ਹੋ ਚੁਕੇ ਸਨ, ਜਦੋਂ ਪਰਮੇਸ਼ਰ ਨੇ ਜਿਬਰਾਏਲ ਦੂਤ ਨੂੰ ਗਲੀਲ ਇਲਾਕੇ ਦੇ ਨਾਸਰਤ ਨਾਂ ਦੇ ਇਕ ਪਿੰਡ ਵਿਚ ਘਲਿਆ । ਦੂਤ ਮਰੀਅਮ ਨਾਂ ਦੀ ਇਕ ਕੁਆਰੀ ਕੋਲ ਗਿਆ । ਉਸ ਕੁਆਰੀ ਦੀ ਮੰਗਣੀ ਦਾਊਦ ਦੀ ਕੁਲ ਦੇ ਯੂਸਫ਼ ਨਾਂ ਦੇ ਇਕ ਆਦਮੀ ਨਾਲ ਹੋਈ ਸੀ । ਦੂਤ ਨੇ ਮਰੀਅਮ ਨੂੰ ਕਿਹਾ, “ਮਰੀਅਮ ਨਾ ਡਰ, ਕਿਉਂਕਿ ਤੇਰੇ ਉਤੇ ਪਰਮੇਸ਼ਰ ਦੀ ਕਿਰਪਾ ਹੋਈ ਹੈ । ਤੂੰ ਗਰਭਵਤੀ ਹੋਵੇਂਗੀ ਅਤੇ ਇਕ ਪੁੱਤਰ ਨੂੰ ਜਨਮ ਦੇਵੇਂਗੀ । ਤੂੰ ਉਸ ਦਾ ਨਾਂ ਯਿਸੂ ਰੱਖਣਾ । |
| ਯਿਰਮਿਯਾਹ ੩੧: ੧੫<br>ਪ੍ਰਭੂ ਕਹਿੰਦਾ ਹੈ, “ਇਕ ਆਵਾਜ਼ ਰਾਮਾਹ ਨਗਰ ਵਿਚੋਂ ਆ ਰਹੀ ਹੈ, ਆਵਾਜ਼ ਜੋ ਕਿ ਰੋਣ ਅਤੇ ਵੈਣ ਦੀ ਹੈ । ਰਾਖੇਲ ਆਪਣੇ ਬੱਚਿਆਂ ਲਈ ਰੋ ਰਹੀ ਹੈ, ਇਸ ਲਈ ਹੌਂਸਲਾ ਕਰਨਾ ਅਸੰਭਵ ਹੈ, ਕਿਉਂਕਿ ਉਹ ਨਹੀਂ ਹਨ । | **ਭੱਚਿਆਂ ਦਾ ਕਤਲ** | ਮਤੀ ੨: ੧੬-੧੮<br>ਜਦੋਂ ਹੇਰੋਦੇਸ ਨੇ ਦੇਖੀਆ ਕਿ ਪੰਡਿਤਾਂ ਨੇ ਉਸ ਨੂੰ ਮੂਰਖ ਬਣਾਇਆ ਹੈ, ਤਾਂ ਉਹ ਬਹੁਤ ਗੁੱਸੇ ਵਿਚ ਆਇਆ । ਇਸ ਲਈ ਉਸ ਨੇ ਸਿਪਾਹਿਆਂ ਨੂੰ ਘੱਲ ਕਿ ਬੈਤਲਹਮ ਅਤੇ ਉਸ ਦੇ ਲਾਗੇ ਛਾਗੇ ਦੇ ਸਭ ਬੱਚਿਆਂ ਨੂੰ ਮਰਵਾ ਦਿੱਤਾ , ਜਿਹੜੇ ਪੰਡਿਤਾਂ ਦੇ ਦੱਸੇ ਅਨੁਸਾਰ ਦੋ ਸਾਲ ਦੀ ਉਮਰ ਦੇ ਜਾਂ ਉਸ ਤੋਂ ਘੱਟ ਸਨ । ਇਸ ਤਰ੍ਹਾਂ ਯਿਰਮਿਯਾਹ ਨਬੀ ਦਾ ਕਿਹਾ ਹੋਇਆ , ਇਹ ਵਾਕ ਸੱਚਾ ਸਿੱਧ ਹੋਇਆ ਹੈ। |
| ਹੋਸ਼ੇਆ ੧੧: ੧<br>ਪ੍ਰਭੂ ਕਹਿੰਦਾ ਹੈ : “ਜਦੋਂ ਇਸਰਾਈਲ ਬੱਚਾ ਸੀ, ਤਾਂ ਮੈਂ ਉਸ ਨੂੰ ਪਿਆਰ ਕੀਤਾ, ਅਤੇ ਮੈਂ ਉਸ ਨੂੰ ਮਿਸਰ ਵਿਚੋਂ ਪੁੱਤਰ ਵਾਂਗ ਸਦਿਆ । | **ਮਿਸਰ ਦੇਸ਼ ਵਿਚ ਜਾਣਾ** | ਮਤੀ ੨: ੧੪<br>ਇਸ ਲਈ ਯੂਸਫ਼ ਰਾਤ ਨੂੰ ਹੀ ਉਠਿਆ ਅਤੇ ਬੱਚੇ ਤੇ ਉਸ ਦੀ ਮਾਂ ਨੂੰ ਲੈ ਕੇ ਮਿਸਰ ਨੂੰ ਚਲਾ ਗਿਆ । |

| | | |
|---|---|---|
| ਯਸਾਯਾਹ ੪੦: ੩-੫<br>ਇਕ ਆਵਾਜ਼ ਪੁਕਾਰ ਰਹੀ ਹੈ : "ਉਜਾੜ ਵਿਚ ਪ੍ਰਭੂ ਦੇ ਲਈ ਇਕ ਰਾਹ ਤਿਆਰ ਕਰੋ । ਵਿਰਾਨੇ ਵਿਚ ਸਾਡੇ ਪਰਮੇਸ਼ਰ ਲਈ ਇਕ ਰਾਹ ਸਿੱਧਾ ਕਰੋ । ਹਰ ਵਾਦੀ ਨੂੰ ਭਰੋ, ਹਰ ਪਹਾੜ ਨੂੰ ਨੀਵਾਂ ਕਰ, ਹਰ ਉਚੀ ਨੀਵੀਂ ਥਾਂ ਨੂੰ ਇਕੋ ਜਿਹਾ ਕਰੋ। ਪ੍ਰਭੂ ਦਾ ਪ੍ਰਤਾਪ ਪ੍ਰਕਟ ਕੀਤਾ ਜਾਵੇਗਾ, ਅਤੇ ਸਭ ਮਾਨਵ ਜਾਤੀ ਉਸ ਨੂੰ ਦੇਖਣਗੇ । ਇਹ ਮੇਰੇ ਪ੍ਰਭੂ ਦੇ ਆਪਣੇ ਸ਼ਬਦ ਹਨ । | **ਪ੍ਰਭੂ ਦਾ ਰਾਹ ਤਿਆਰ ਹੋਵੇਗਾ** | ਲੂਕਾ ੩: ੩-੬<br>ਉਹ ਯਰਦਨ ਨਦੀ ਦੇ ਆਲੇ ਦੁਆਲੇ ਦੇ ਸਾਰੇ ਇਲਾਕੇ ਵਿਚ ਗਿਆ ਅਤੇ ਲੋਕਾਂ ਨੂੰ ਇਸ ਤਰ੍ਹਾਂ ਉਪਦੇਸ਼ ਦਿੱਤਾ, "ਆਪਣੇ ਬੁਰੇ ਕੰਮਾਂ ਨੂੰ ਛਡੋ ਅਤੇ ਬਪਤਿਸਮਾ ਲਓ; ਪਰਮੇਸ਼ਰ ਤੁਹਾਡੇ ਪਾਪਾਂ ਨੂੰ ਮਾਫ਼ ਕਰੇਗਾ।" ਯੂਹੰਨਾ ਬਪਤਿਸਮਾ ਦੇਣ ਵਾਲੇ ਦੇ ਬਾਰੇ ਯਸਾਯਾਹ ਨਬੀ ਦੀ ਪੁਸਤਕ ਵਿਚ ਇਸ ਤਰ੍ਹਾਂ ਲਿਖਿਆ ਹੋਇਆ ਹੈ : "ਸੁੰਨਸਾਨ ਥਾਂ ਵਿਚ ਕੋਈ ਪੁਕਾਰ ਰਿਹਾ ਹੈ : 'ਪ੍ਰਭੂ ਦਾ ਰਾਹ ਤਿਆਰ ਕਰੋ, ਉਸ ਦੇ ਰਾਹਾਂ ਨੂੰ ਸਿੱਧੇ ਕਰੋ । ਹਰ ਇਕ ਘਾਟੀ ਭਰੀ ਜਾਵੇਗੀ; ਹਰ ਇਕ ਪਹਾੜ ਅਤੇ ਪਹਾੜੀ ਪੱਧਰੀ ਕੀਤੀ ਜਾਵੇਗੀ, ਅਤੇ ਉੱਚੇ ਨੀਵੇਂ ਰਾਹ ਪੱਧਰੇ ਕੀਤੇ ਜਾਣਗੇ । ਸਾਰੇ ਪ੍ਰਾਣੀ ਪਰਮੇਸ਼ਰ ਦੇ ਮੁਕਤੀਦਾਤਾ ਦੇ ਦਰਸ਼ਨ ਕਰਨਗੇ ।" |
| ਮਲਾਕੀ ੩: ੧<br>ਮਹਾਨ ਪ੍ਰਭੂ ਇਸ ਦਾ ਉੱਤਰ ਦਿੰਦਾ ਹੈ, "ਮੈਂ ਆਪਣਾ ਸੰਦੇਸ਼ਵਾਹਕ ਆਪਣਾ ਰਾਹ ਤਿਆਰ ਕਰਨ ਦੇ ਲਈ ਘੱਲ ਰਿਹਾ ਹਾਂ, ਤਦ ਪ੍ਰਭੂ ਜਿਸ ਦੀ ਤੁਸੀਂ ਉਡੀਕ ਕਰ ਰਹੇ ਹੋ, ਅਚਾਨਕ ਆਪਣੇ ਮੰਦਰ ਵਿਚ ਆ ਪਹੁੰਚੇਗਾ । ਮੈਂ ਸੰਦੇਸ਼ਵਾਹਕ ਜਿਸ ਨੂੰ ਤੁਸੀਂ ਦੇਖਣਾ ਪਸੰਦ ਕਰੋਗੇ , ਆ ਕੇ ਮੇਰੇ ਨੇਮ ਦੀ ਘੋਸ਼ਨਾ ਕਰੇਗਾ ।" | **ਉਸਦੇ ਅੱਗੇ ਆਪਣੇ ਦੂਤ ਨੂੰ ਘੱਲੇਗਾ** | ਲੂਕਾ ੭: ੨੪-੨੭<br>ਜਦੋਂ ਯੂਹੰਨਾ ਦੇ ਘੱਲੇ ਹੋਏ ਆਦਮੀ ਵਾਪਸ ਚਲੇ ਗਏ, ਤਾਂ ਯਿਸੂ ਨੇ ਲੋਕਾਂ ਤੋਂ ਯੂਹੰਨਾ ਦੇ ਬਾਰੇ ਪੁਛਿਆ, "ਤੁਸੀਂ ਸੁੰਨਸਾਨ ਥਾਂ ਵਿਚ ਕੀ ਦੇਖਣ ਲਈ ਗਏ ਸਾਓ ? ਕੀ ਇਕ ਹਵਾ ਨਾਲ ਹਿਲਨ ਵਾਲੇ ਸਰਕੰਡੇ ਨੂੰ ? ਫਿਰ ਤੁਸੀਂ ਕੀ ਦੇਖਣ ਗਏ ਸਾਓ ? ਕੀ ਉਸ ਤਰ੍ਹਾਂ ਦੇ ਆਦਮੀ ਨੂੰ , ਜਿਸ ਨੇ ਮਲੈਮ ਕਪੜੇ ਪਾਏ ਹੋਏ ਸਨ ? ਜਿਹੜੇ ਰਾਜਿਆਂ ਵਾਲੇ ਕਪੜੇ ਪਾਉਂਦੇ ਹਨ ਅਤੇ ਐਸ਼ ਕਰਦੇ ਹਨ, ਉਹ ਰਾਜ ਭਵਨਾਂ ਵਿਚ ਰਹਿੰਦੇ ਹਨ । ਤੁਸੀਂ ਕੀ ਦੇਖਣ ਗਏ ਸਾਓ ? ਕੀ ਨਬੀ ਨੂੰ ? ਹਾਂ, ਮੈਂ ਤੁਹਾਨੂੰ ਕਹਿੰਦਾ ਹਾਂ ਨਬੀ ਤੋਂ ਵੀ ਕਿਸੇ ਵੱਡੇ ਨੂੰ । ਉਸੇ ਬਾਰੇ ਧਰਮ ਗ੍ਰੰਥ ਵਿਚ ਲਿਖਿਆ ਹੈ : ' ਦੇਖ ਮੈਂ ਤੇਰੇ ਅੱਗੇ ਆਪਣੇ ਦੂਤ ਨੂੰ ਘੱਲ ਰਿਹਾ ਹਾਂ, ਉਹ ਤੇਰੇ ਅੱਗੇ ਤੇਰਾ |

| | | |
|---|---|---|
| | | ਰਾਹ ਤਿਆਰ ਕਰੇਗਾ ।’ |
| ਮਲਾਕੀ ੪: ੫, ੬<br>“ਪਰ ਪ੍ਰਭੂ ਦੇ ਇਸ ਵੱਡੇ ਅਤੇ ਭਿਅੰਕਰ ਦਿਨ ਦੇ ਆਉਣ ਤੋਂ ਪਹਿਲਾ ਮੈਂ ਤੁਹਾਡੇ ਕੋਲ ਏਲੀਯਾਹ ਨਬੀ ਨੂੰ ਘੱਲਾਂਗਾ । ਉਹ ਆ ਕੇ ਮਾਪਿਆਂ ਦਾ ਮਨ ਉਹਨਾਂ ਦੀ ਸੰਤਾਨ ਵੱਲ ਅਤੇ ਸੰਤਾਨ ਦਾ ਮਾਪਿਆਂ ਵਲ ਮੋੜੇਗਾ, ਤਾਂ ਜੋ ਮੈਂ ਆ ਕੇ ਧਰਤੀ ਨੂੰ ਨਾਸ਼ ਨਾ ਕਰਾਂ ।” | **ਏਲਿਆ ਦਾ ਉਹਦੇ ਅੱਗੇ ਘੱਲਿਆ ਜਾਣਾ** | ਮਤੀ ੧੧: ੧੩, ੧੪<br>ਸਭ ਨਬੀਆਂ ਅਤੇ ਮੂਸਾ ਦੇ ਨੇਮ ਸ਼ਾਸਤਰ ਨੇ ਯੂਹੰਨਾ ਬਪਤਿਸਮਾ ਦੇਣ ਵਾਲੇ ਦੇ ਸਮੇਂ ਤਕ ਪਰਮੇਸ਼ਰ ਦੇ ਰਾਜ ਬਾਰੇ ਹੀ ਸੰਦੇਸ਼ ਦਿੱਤੇ ਸਨ । ਇਸ ਲਈ ਜੇਕਰ ਤੁਸੀਂ ਇਹ ਸਭ ਮੰਨਣ ਦੇ ਲਈ ਤਿਆਰ ਹੋ, ਤਾਂ ਯੂਹੰਨਾ ਹੀ ਏਲਿਆ ਹੈ, ਜਿਸ ਦੇ ਆਉਣ ਬਾਰੇ ਪਹਿਲਾਂ ਹੀ ਦਸਿਆ ਗਿਆ ਸੀ । |
| ਭਜਨ ੨: ੭<br>ਮੈਂ ਪ੍ਰਭੂ ਦਾ ਫ਼ੈਸਲਾ ਸੁਣਾਵਾਂਗਾ; ਉਸ ਨੇ ਮੈਨੂੰ ਕਿਹਾ : “ਤੂੰ ਮੇਰਾ ਪੁੱਤਰ ਹੈਂ , ਮੈਂ ਤੈਨੂੰ ਅਜ ਜਨਮ ਦਿੱਤਾ ਹੈ । | **ਪਰਮੇਸ਼ਰ ਦਾ ਪੁੱਤਰ** | ਮਤੀ ੩: ੧੭<br>ਉਸ ਸਮੇਂ ਇਕ ਅਵਾਜ਼ ਅਕਾਸ਼ ਤੋਂ ਆਈ : “ਇਹ ਮੇਰਾ ਪਿਆਰਾ ਪੁੱਤਰ ਹੈ, ਜਿਸ ਤੋਂ ਮੈ ਖੁਸ਼ ਹਾਂ ।” |
| ਯਸਾਯਾਹ ੯: ੧, ੨<br>ਤਦ ਉਹਨਾਂ ਨੂੰ ਇਸ ਬਿਪਤਾ ਤੋਂ ਬਚਣ ਦਾ ਕੋਈ ਰਾਹ ਨਹੀਂ ਲੱਭੇਗਾ । ਗੁਜ਼ਰੇ ਸਮੇਂ ਵਿਚ ਜ਼ਬੂਲੁਨ ਤੇ ਨਫ਼ਤਾਲੀ ਕਬੀਲਿਆਂ ਦੀ ਧਰਤੀ ਨੂੰ ਤੁਛ ਸਮਝਿਆ ਗਿਆ ਸੀ, ਪਰ ਅੱਗੇ ਆਉਣ ਵਾਲੇ ਸਮੇਂ ਵਿਚ ਇਹ ਧਰਤੀ ਅਰਥਾਤ ਵੱਡੇ ਸਮੁੰਦਰ ਦੇ ਪੂਰਬੀ ਪਾਸੇ ਤੋਂ ਲੈ ਕੇ ਯਰਦਨ ਦਰਿਆ ਦੇ ਦੂਜੇ ਪਾਰ ਤਕ , ਜਿਸ ਵਿਚ ਪਰਾਈਆਂ ਕੌਮਾਂ ਦੇ ਰਹਿਣ ਦਾ ਇਲਾਕਾ ਗਲਿਲ ਵੀ ਹੈ , ਆਦਰ ਪ੍ਰਾਪਤ ਕਰੇਗੀ । ਜੋ ਲੋਕ ਹਨੇਰੇ ਵਿਚ ਚਲਦੇ ਸਨ, ਉਹਨਾਂ ਨੇ ਇਕ ਵੱਡਾ ਚਾਣਨ ਦੇਖਿਆ ਹੈ । ਉਹ ਮੌਤ ਦੇ ਸਾਏ ਵਿਚ ਰਹਿੰਦੇ ਸਨ, ਪਰ ਹੁਣ ਉਹਨਾਂ ਉਤੇ ਜੀਵਨ ਜੋਤ ਚਮਕੀ ਹੈ । | **ਗਲੀਲ  ਇਲਾਕੇ ਵਿਚ ਪ੍ਰਭੂ ਦੀ ਸੇਵਾ** | ਮਤੀ ੪: ੧੩-੧੬<br>ਪਰ ਉਹ ਉਥੇ ਨਾਸਰਤ ਨਗਰ ਵਿਚ ਨਾ ਠਹਿਰੇ, ਸਗੋਂ ਗਲਿਲ ਝੀਲ ਦੇ ਲਾਗਲੇ ਨਗਰ ਕਫ਼ਰਨਾਹੂਮ ਵਿਚ ਜਾ ਵਸੇ, ਜੋ ਜ਼ਬੂਲੁਨ ਅਤੇ ਨਫ਼ਤਾਲੀ ਦੇ ਇਲਾਕਿਆਂ ਵਿਚ ਹੈ । ਇਹ ਇਸ ਲਈ ਹੋਇਆ ਕਿ ਯਸਾਯਾਹ ਨਬੀ ਦੁਆਰਾ ਕਿਹਾ ਗਿਆ ਵਾਕ ਪੂਰਾ ਹੋਵੇ : ਜ਼ਬੂਲੁਨ ਦੀ ਧਰਤੀ, ਨਫ਼ਤਾਲੀ ਦੀ ਧਰਤੀ, ਸਾਗਰ ਵੱਲ ਨੂੰ ਜਾਂਦੇ ਰਾਹ ਤੇ, ਯਰਦਨ ਦੇ ਦੂਜੇ ਪਾਸੇ ਦੂਜੀਆਂ ਕੌਮਾਂ ਦਾ ਗਲਿਲ ! ਉਹ ਲੋਕੀ ਜਿਹੜੇ ਹਨੇਰੇ ਵਿਚ ਰਹਿ ਰਹੇ ਸਨ, ਇਕ ਵੱਡਾ ਚਾਣਨ ਦੇਖਣਗੇ । ਉਹਨਾਂ ਉਤੇ ਜਿਹੜੇ ਮੌਤ ਦੀ ਹਨੇਰੀ ਧਰਤੀ ਵਿਚ ਰਹਿੰਦੇ ਹਨ, ਇਕ ਚਾਣਨ ਚਮਕੇਗਾ । |
| ਭਜਨ ੭੮: ੨-੪<br>ਮੈਂ ਰੂਪ ਕਥਾਵਾਂ ਗੁਆਰਾ ਬੋਲਾਂਗਾ, ਅਤੇ ਪੁਰਾਣੇ ਸਮੇਂ ਦੇ ਭੇਤ ਖੋਲ੍ਹਾਂਗਾ । ਜੋ ਅਸੀਂ ਸੁਣਿਆ ਅਤੇ ਜਾਣਿਆ ਸੀ, ਅਤੇ ਜੋ ਸਾਡੇ ਪੁਰਖਿਆਂ ਨੇ ਸਾਨੂੰ ਦਸਿਆ ਸੀ । ਅਸੀਂ ਪ੍ਰਭੂ ਦੇ ਮਹਾਨ | **ਰੂਪ ਕਥਾਵਾਂ ਰਾਹੀ ਬੋਲੇਗਾ** | ਮਤੀ ੧੩: ੩੪<br>ਯਿਸੂ ਨੇ ਇਹ ਸਭ ਗੱਲਾਂ ਲੋਕਾਂ ਨੂੰ ਰੂਪ ਕਥਾਵਾਂ ਦੇ ਰਾਹੀ ਹੀ ਦੱਸੀਆਂ । ਉਹ ਰੂਪ ਕਥਾਵਾਂ ਤੋਂ ਬਿਨਾਂ ਲੋਕਾਂ ਨਾਲ ਇਕ ਗੱਲ ਵੀ ਨਹੀਂ ਕਰਦੇ ਸਨ । |

| | | |
|---|---|---|
| ਕੰਮਾਂ, ਅਤੇ ਉਸ ਦੇ ਕੀਤੇ ਚਮਤਕਾਰਾਂ ਨੂੰ, ਆਪਣੀ ਸੰਤਾਨ ਤੇ ਪ੍ਰਗਟ ਕਰਾਂਗੇ, ਅਤੇ ਆਪਣੀਆਂ ਆਉਣ ਵਾਲੀਆਂ ਸਭ ਪੀੜ੍ਹੀਆਂ ਨੂੰ ਦੱਸਾਂਗੇ । | | |
| ਵਿਵਸਥਾਸਾਰ ੧੮: ੧੫<br>"ਪ੍ਰਭੂ ਤੁਹਾਡਾ ਪਰਮੇਸ਼ਰ ਤੁਹਾਡੇ ਵਿਚੋਂ ਅਰਥਾਤ ਤੁਹਾਡੇ ਭਰਾਵਾਂ ਵਿਚੋਂ ਮੇਰੇ ਵਰਗਾ ਇਕ ਨਬੀ ਖੜਾ ਕਰੇਗਾ, ਤੁਸੀਂ ਕੇਵਲ ਉਸੇ ਦੀ ਹੀ ਸੁਣਨਾ ।" | **ਨਬੀ ਹੋਵੇਗਾ** | ਰਸੂਲਾਂ ਦੇ ਕਰਤਵ ੩: ੨੦-੨੪<br>ਜਿਸ ਤੋਂ ਫਿਰ ਤੁਹਾਨੂੰ ਸੁਰਜੀਤ ਹੋਣ ਦਾ ਸਮਾਂ ਪ੍ਰਭੂ ਤੋਂ ਮਿਲੇ ਅਤੇ ਉਹ ਤੁਹਾੜੇ ਲਈ ਪਹਿਲਾ ਨਿਯੁਕਤ ਮਸੀਹ ਅਰਥਾਤ ਯਿਸੂ ਨੂੰ ਘੱਲੇ । ਪਰ ਇਹ ਜ਼ਰੂਰੀ ਹੈ ਕਿ ਉਹ ਸਵਰਗ ਵਿਚ_ਉਸ ਸਮੇਂ ਤਕ ਰਹੇ, ਜਦੋਂ ਤਕ ਕਿ ਸਭ ਚੀਜ਼ਾਂ ਪੁਨਰ ਸਥਾਪਿਤ ਨਾ ਹੋ ਜਾਣ, ਜਿਸ ਦੇ ਬਾਰੇ ਪਰਮੇਸ਼ਰ ਨੇ ਸਦਾ ਆਪਣੇ ਪਵਿੱਤਰ ਨਬੀਆਂ ਦੇ ਰਾਹੀਂ ਕਿਹਾ ਹੈ । ਮੂਸਾ ਨੇ ਵੀ ਕਿਹਾ, 'ਪ੍ਰਭੂ ਪਰਮੇਸ਼ਰ ਤੁਹਾਡੇ ਲਈ ਤੁਹਾਡੇ ਭਰਾਵਾਂ ਵਿਚੋਂ ਇਕ ਨਬੀ ਨੂੰ ਖੜਾ ਕਰੇਗਾਜਿਸ ਤਰ੍ਹਾਂ ਉਸ ਨੇ ਮੈਨੂੰ ਖੜਾ ਕੀਤਾ । ਜੋ ਕੁਝ ਵੀ ਉਹ ਤੁਹਾਨੂੰ ਕਹੇ, ਉਸ ਨੂੰ ਜ਼ਰੂਰ ਸੁਣਨਾ । ਜੋ ਕੋਈ ਵੀ ਉਸ ਨਬੀ ਦੀ ਨਾ ਸੁਣੇ, ਉਹ ਆਪਣੇ ਲੋਕਾਂ ਵਿਚ ਨਾਸ਼ ਕੀਤਾ ਜਾਵੇ । ਸਾਰੇ ਨਬੀਆਂ ਨੇ ਸਮੂਏਲ ਤੋਂ ਲੈ ਕੇ ਅਤੇ ਉਸ ਦੇ ਪਿਛੋਂ ਆਉਣ ਵਾਲਿਆਂ ਨੇ ਜਿਨ੍ਹਾਂ ਕੋਲ ਸੰਦੇਸ਼ ਸੀ, ਇਹਨਾਂ ਦਿਨਾਂ ਦੀ ਘੋਸ਼ਣਾ ਕੀਤੀ । |
| ਯਸਾਯਾਹ ੬੧: ੧, ੨<br>ਪ੍ਰਭੂ ਪਰਮੇਸ਼ਰ ਦਾ ਆਤਮਾ ਮੇਰੇ ਉਤੇ ਹੈ, ਉਸ ਨੇ ਮੇਰਾ ਅਭਿਸ਼ੇਕ ਕੀਤਾ ਹੈ, ਕਿ ਮੈਂ ਗਰੀਬਾ ਨੂੰ ਸ਼ੁਭ ਸਮਾਚਾਰ ਸੁਣਾਵਾਂ । ਉਸ ਨੇ ਮੈਨੂੰ ਘਲਿਆ ਕਿ ਮੈਂ ਜਖ਼ਮੀ ਦਿਲਾਂ ਵਾਲਿਆਂ ਨੂੰ ਚੰਗਾ ਕਰਾਂ, ਬੰਦੀਆ ਨੂੰ ਮੁਕਤੀ ਦੇਵਾਂ, ਅਤੇ ਪੀੜਤਾਂ ਨੂੰ ਸੁਤੰਤਰ ਕਰਾਂ । ਉਸ ਨੇ | **ਜ਼ਖਮੀ ਦਿਲਾਂ ਵਾਲਿਆਂ ਨੂੰ ਚੰਗਾ ਕਰੇਗਾ** | ਲੂਕਾ ੪: ੧੮<br>ਪ੍ਰਭੂ ਦਾ ਆਤਮਾ ਮੇਰੇ ਉਤੇ ਹੈ, ਉਸ ਨੇ ਮੇਰਾ ਅਭਿਸ਼ੇਕ ਕੀਤਾ ਹੈ ਕਿ ਮੈਂ ਗਰੀਬਾ ਨੂੰ ਸ਼ੁਭ ਸਮਾਚਾਰ ਸੁਣਾਵਾਂ, ਉਸ ਨੇ ਮੈਨੂੰ ਘਲਿਆ ਹੈ ਕਿ ਮੈਂ ਬੰਦੀਆਂ ਨੂੰ ਮੁਕਤੀ ਦਾ , ਅਤੇ ਨੇਤਰਹੀਨਾਂ ਨੂੰ ਦ੍ਰਿਸ਼ਟੀ ਦਾ ਸੰਦੇਸ਼ ਸੁਣਾਵਾਂ; ਅਤੇ ਪੀੜਤਾਂ ਨੂੰ ਸੁਤੰਤਰ |

| | | |
|---|---|---|
| ਮੈਂਨੂੰ ਘਲਿਆ ਹੈ ਕਿ ਮੈਂ ਉਸ ਸਮੇਂ ਦੀ ਮਨਾਦੀ ਕਰਾਂ, ਜਦੋਂ ਪ੍ਰਭੂ ਆਪਣੇ ਲੋਕਾਂ ਨੂੰ ਛੁਟਕਾਰਾ ਦੇਵੇਗਾ, ਅਤੇ ਉਹਨਾਂ ਦੇ ਵੈਰੀਆਂ ਨੂੰ ਹਰਾਵੇਗਾ, ਉਸ ਨੇ ਮੈਂਨੂੰ ਘਲਿਆ ਹੈ , ਕਿ ਮੈਂ ਉਹਨਾਂ ਸਭ ਲੋਕਾਂ ਨੂੰ ਤਸੱਲੀ ਦੇਵਾਂ , ਜੋ ਸੋਗ ਕਰਦੇ ਹਨ । | | ਕਰਾਂ ਅਤੇ ਉਸ ਸਮੇਂ ਦੀ ਮੁਨਾਦੀ ਕਰਾਂ ਜਦੋਂ ਪ੍ਰਭੂ ਆਪਣੇ ਲੋਕਾਂ ਨੂੰ ਛੁਟਕਾਰਾ ਦੇਵੇਗਾ । |
| ਯਸਾਯਾਹ ੫੩: ੩<br>ਅਸੀਂ ਉਸ ਦੀ ਨਿੰਦਾ ਕੀਤੀ ਅਤੇ ਉਸ ਨੂੰ ਰੱਦ ਦਿੱਤਾ, ਉਸ ਵੱਲ ਕਿਸੇ ਨੇ ਦੇਖਿਆ ਤਕ ਨਾ, ਉਸ ਦਾ ਅਸੀਂ ਕੁਝ ਮੁੱਲ ਨਾ ਪਾਇਆ, ਇਸ ਲਈ ਉਸ ਨੂੰ ਬੇਧਿਆਨ ਕਰ ਦਿੱਤਾ । | **ਉਸ ਦੇ ਆਪਣੇ ਲੋਕਾਂ ਨੇਂ: ਉਸਦੀ ਨਿੰਦਾ ਕੀਤੀ, ਉਸ ਨੂੰ ਰੱਦ ਦਿੱਤਾ,** | ਯਹੂਦਾ ੧: ੧੧<br>ਉਹ ਆਪਣੇ ਘਰ ਆਇਆ, ਪਰ ਉਸ ਦੇ ਆਪਣੇ ਲੋਕਾਂ ਨੇ ਹੀ, ਉਸ ਨੂੰ ਸਵੀਕਾਰ ਨਾ ਕੀਤਾ ਅਤੇ ਉਸ ਉਤੇ ਵਿਸ਼ਵਾਸ ਨਾ ਕੀਤਾ ।<br>ਲੂਕਾ ੨੩: ੧੮<br>ਪਰ ਸਾਰੇ ਲੋਕੀਂ ਰੌਲਾ ਪਾਉਣ ਲੱਗ ਪਏ, "ਇਸ ਨੂੰ ਮੌਤ ਦੀ ਸਜ਼ਾ ਦਿਓ । ਸਾਡੇ ਲਈ ਬਰਅਬਾ ਨੂੰ ਛੱਡ ਦਿਓ ।" (ਬਰਅਬਾ ਸ਼ਹਿਰ ਵਿਚ ਇਕ ਹੋਏ ਦੰਗੇ ਅਤੇ ਕਤਲ ਦੇ ਕਾਰਨ ਕੈਦ ਵਿਚ ਸੀ ।) ਪਿਲਾਤੁਸ ਨੇ ਯਿਸੂ ਨੂੰ ਛੱਡ ਦੇਣ ਦੀ ਨੀਅਤ ਨਾਲ ਇਕ ਵਾਰ ਫਿਰ ਲੋਕਾਂ ਨੂੰ ਸਮਝਾਇਆ । ਪਰ ਉਹ ਫਿਰ ਜ਼ੋਰ ਜ਼ੋਰ ਦੀ ਬੋਲਨ ਲੱਗੇ, "ਉਸ ਨੂੰ ਸਲੀਬ ਉਤੇ ਚੜ੍ਹਾਓ, ਉਸ ਨੂੰ ਸਲੀਬ ਉਤੇ ਚੜ੍ਹਾਓ !" |
| ਭਜਨ ੧੧੦: ੪<br>ਪ੍ਰਭੂ ਨੇ ਸੌਂਹ ਚੁੱਕੀ ਹੈ, ਅਤੇ ਉਹ ਉਸ ਤੋਂ ਮੋੜੇਗਾ ਨਹੀਂ, ਉਸ ਨੇ ਕਿਹਾ : "ਤੂੰ ਮਲਕਿ-ਸਿਦਕ ਦੀ ਤਰ੍ਹਾਂ ਸਦਾ ਤਕ ਪੁਰੋਹਿਤਾਈ ਕਰੇਂਗਾ ।" | **ਮਲਕਿਜ਼-ਸਿਦਕ ਦੀ ਤਰ੍ਹਾਂ ਸਦਾ ਤਕ ਪੁਰੋਹਿਤਾਈ ਕਰੇਗਾ** | ਇਬਰਾਨੀਆਂ ੫: ੫, ੬<br>ਇਸੇ ਤਰ੍ਹਾਂ ਮਸੀਹ ਨੇ ਵੀ ਮਹਾ ਪੁਰੋਹਿਤ ਬਣਨ ਦਾ ਮਾਣ ਆਪਣੇ ਆਪ ਨਹੀਂ ਚੁਣਿਆ, ਸਗੋਂ ਇਹ ਪਰਮੇਸ਼ਰ ਨੇ ਉਸ ਨੂੰ ਦਿੱਤਾ ਅਤੇ ਕਿਹਾ : "ਤੂੰ ਮੇਰਾ ਪੁੱਤਰ ਹੈ, ਅੱਜ ਮੈਂ ਤੈਨੂੰ ਉਤਪੰਨ ਕੀਤਾ ਹੈ ।" ਇਸ ਤਰ੍ਹਾਂ ਉਸ ਨੇ ਇਕ ਦੂਜੀ ਥਾਂ ਤੇ ਕਿਹਾ : "ਤੂੰ ਮਲਕਿ-ਸਿਦਕ ਦੀ ਪਰੰਪਰਾ ਅਨੁਸਾਰ, ਹਮੇਸ਼ਾ ਤਕ ਦੇ ਲਈ ਪੁਰੋਹਿਤ ਹੈਂ ।" |
| | | |

| | | |
|---|---|---|
| ਜ਼ਕਰਯਾਹ ੯: ੯<br>ਹੇ ਸੀਓਨ ਦੇ ਲੋਕੋ, ਅਨੰਦਿਤ ਹੋਵੋ, ਹੇ ਯਰੂਸ਼ਲਮ ਦੇ ਲੋਕੋ, ਖੁਸ਼ੀ ਦੇ ਨਾਹਰੇ ਮਾਰੋ, ਤੇਰਾ ਰਾਜਾ ਤੇਰੇ ਕੋਲ ਆ ਰਿਹਾ ਹੈ । ਉਹ ਪੂਰੀ ਸ਼ਾਨ ਨਾਲ ਜੇਤੂ ਹੋ ਕੇ ਆ ਰਿਹਾ ਹੈ । | **ਜੇਤੂ ਬਨ ਪ੍ਰਵੇਸ਼** | ਮਰਕੁਸ ੧੧: ੭, ੯<br>ਉਹ ਗਧੇ ਦੇ ਬੱਚੇ ਨੂੰ ਯਿਸੂ ਕੋਲ ਲੈ ਆਏ ਅਤੇ ਉਹਨਾਂ ਆਪਣੇ ਕਪੜੇ ਉਸ ਉਤੇ ਪਾਏ । ਯਿਸੂ ਉਸ ਉਤੇ ਬੈਠ ਗਏ । ਸਾਰੇ ਲੋਕੀ ਜੋ ਉਹਨਾਂ ਦੇ ਅੱਗੇ-ਪਿੱਛੇ ਆ ਰਹੇ ਸਨ, ਉੱਚੀ ਉੱਚੀ ਇਸ ਤਰ੍ਹਾਂ ਨਾਹਰੇ ਮਾਰ ਰਹੇ ਸਨ : "ਪਰਮੇਸ਼ਰ ਉਸ ਨੂੰ ਬਚਾਉਂਦਾ ਹੈ, ਅਤੇ ਉਸ ਉਤੇ ਕਿਰਪਾ ਕਰਦਾ ਹੈ, ਜੋ ਪ੍ਰਭੂ ਦੇ ਨਾਂ ਉਤੇ ਆਉਂਦਾ ਹੇ । |
| ਭਜਨ ੮: ੨<br>ਤੂੰ ਆਪਣੇ ਵੈਰਿਆਂ ਦੇ ਕਾਰਨ, ਆਪਣੇ ਵਿਰੁੱਧੀਆਂ ਅਤੇ ਬਦਲਾਲੈਣ ਵਾਲਿਆਂ ਦਾ ਮੂੰਹ ਬੰਦ ਕਰਨ ਦੇ ਲਈ, ਬੱਚਿਆਂ ਅਤੇ ਦੁੱਧ ਚੁੰਘਣ ਵਾਲਿਆਂ ਦੇ ਮੂੰਹੋਂ ਆਪਣੀ ਵੀ ਵਡਿਆਈ ਕਰਵਾਈ ਹੈ । | **ਬੱਚਿਆਂ ਅਤੇ ਦੁੱਧ ਪੀਂਧੇ ਬਾਲਾ ਦੇ ਮੂੰਹੋਂ ਆਪਣੀ ਵਡਿਆਈ ਕਰਵਾਈ** | ਮਤੀ ੨੧: ੧੫<br>ਮਹਾ ਪਰੋਹਿਤ ਅਤੇ ਧਰਮ ਗ੍ਰੰਥੀ ਇਹ ਸਭ ਵਚਿੱਤਰ ਕੰਮ ਦੇਖਕੇ ਅਤੇ ਬੱਚਿਆਂ ਨੂੰ ਮੰਦਰ ਵਿਚ ਨਾਹਰੇ ਲਾਉਦਿਆਂ ਅਤੇ ਉੱਚੀ ਉੱਚੀ ਇਹ ਬੋਲਦਿਆਂ : "ਦਾਊਦ ਦੇ ਪੁੱਤਰ ਦੀ ਵਡਿਆਈ ਹੋਵੇ", ਸੁਣਕੇ ਗੁਸੇ ਨਾਲ ਭਰ ਗਏ । ਇਸ ਲਈ ਉਹਨਾਂ ਨੇ ਯਿਸੂ ਨੂੰ ਕਿਹਾ , "ਕੀ ਤੁਸੀਂ ਸੁਨ ਰਹੇ ਹੋ ਕਿ ਇਹ ਕੀ ਕਹਿ ਰਹੇ ਹਨ ?" ਯਿਸੂ ਨੇ ਉਹਨਾਂ ਨੂੰ ਉੱਤਰ ਦਿਤਾ, " ਹਾਂ , ਪਰ ਕੀ ਤੁਸੀਂ ਧਰਮ ਗ੍ਰੰਥ ਵਿਚ ਨਹੀਂ ਪੜ੍ਹਿਆ, ਤੂੰ ਬੱਚਿਆਂ ਅਤੇ ਦੁੱਧ ਪੀਂਦੇ ਬਾਲਾਂ ਦੇ ਮੂੰਹੋਂ ਆਪਣੀ ਵਡਿਆਈ ਕਰਵਾਈ ।" |
| ਯਸਾਯਾਹ ੫੩: ੧<br>ਲੋਕਾਂ ਨੇ ਉੱਤਰ ਦਿੱਤਾ :<br>"ਕੌਣ ਸਾਡੇ ਇਸ ਪਰਚਾਰ ਉਤੇ ਵਿਸ਼ਵਾਸ ਕਰੇਗਾ । ਕੌਣ ਪ੍ਰਭੂ ਦੇ ਹੱਥ ਨੂੰ ਇਸ ਵਿਚ ਦੇਖ ਸਕਦਾ ਹੈ ? | **ਵਿਸ਼ਵਾਸ ਨਾਂ ਕਰਨਾ** | ਯੂਹਨਾ ੧੨: ੩੭<br>ਬੇਸ਼ਕ ਯਿਸੂ ਨੇ ਉਹਨਾਂ ਦੇ ਸਾਹਮਣੇ ਇੰਨੇ ਸੰਕੇਤਕ ਚਿੰਨ੍ਹ ਦਿਖਾਈ, ਪਰ ਫਿਰ ਵੀ ਉਹਨਾਂ ਯਿਸੂ ਉਤੇ ਵਿਸ਼ਵਾਸ ਨਾ ਕੀਤਾ । ਇਸ ਲਈ ਕਿ ਯਸਾਯਾਹ ਨਬੀ ਦੇ ਕਹੇ ਹੋਏ ਵਾਕ ਪੂਰੇ ਹੋਣ : ਹੇ ਪ੍ਰਭੂ ਕਿਸ ਨੇ ਸਾਡੇ ਉਪਦੇਸ਼ ਉਤੇ ਵਿਸ਼ਵਾਸ ਕੀਤਾ ? ਕਿਸ ਉਤੇ ਪ੍ਰਭੂ ਦੀਆਂ ਬਾਹ੍ਹਾਂ ਦਾ ਜ਼ੋਰ ਪ੍ਰਗਟ ਹੋਇਆ ਹੈ ।" ਉਹਨਾਂ ਨੇ ਵਿਸ਼ਵਾਸ ਨਾ ਕੀਤਾ , ਕਿਉਂਕਿ |

| | | |
|---|---|---|
| | | …… |
| ਭਜਨ ੪੧: ੯<br>ਇਥੋਂ ਤਕ ਕੇ ਮੇਰਾ ਜਿਗਰੀ ਦੋਸਤ ਵੀ, ਜਿਸ ਨੇ ਮੇਰੇ ਨਾਲ ਇਕੋ ਥਾਲੀ ਵਿਚ ਖਾਧਾ ; ਮੇਰੇ ਵਿਰੁੱਧ ਉਠੱ ਖੜਾ ਹੋਇਆ ਹੈ । | **ਜਿਗਰੀ ਦੋਸਤ ਉਸ ਦੇ ਵਿਰੁੱਧ ਉਠੱ ਖੜਾ ਹੋਯਾ** | ਲੂਕਾ ੨੨: ੪੭<br>ਯਿਸੂ ਅਜੇ ਇਹ ਗੱਲ ਕਹਿ ਹੀ ਰਹੇ ਸਨ ਕਿ ਲੋਕਾਂ ਦੀ ਇਕ ਭੀੜ ਦਿਖਾਈ ਦਿੱਤੀ । ਯਹੂਦਾ ਜਿਹੜਾ ਬਾਰ੍ਹਾਂ ਚੇਲਿਆਂ ਵਿਚੋਂ ਇਕ ਸੀ, ਉਹ ਯਿਸੂ ਦੇ ਨੇੜੇ ਆਇਆ ਕੀ ਉਹਨਾਂ ਨੂੰ ਚੁੰਮੇ । ਯਿਸੂ ਨੇ ਯਹੂਦਾ ਤੋਂ ਪੁਛਿਆ, "ਕੀ ਤੂੰ ਚੁੰਮੇ ਦੇ ਰਾਹੀ ਮਨੁੱਖ ਦੇ ਪੁੱਤਰ ਨੂੰ ਫੜਵਾ ਰਿਹਾ ਹੈਂ ?" |
| ਜ਼ਕਰਯਾਹ ੧੧: ੧੨-੧੩<br>ਤਦ ਮੈਂ ਉਹਨਾਂ ਨੂੰ ਕਿਹਾ, "ਜੇਕਰ ਤੁਸੀਂ ਚਾਹੋ, ਤਾਂ ਮੇਰੀ ਮਜ਼ਦੂਰੀ ਦੇ ਸਕਦੇ ਹੋ, ਪਰ ਜੇਕਰ ਨਾ ਚਾਹੋ, ਤਾਂ ਨਾ ਦੇਵੋ ।" ਸੋ ਉਹਨਾਂ ਹਿਸਾਬ ਕਰਕੇ ਤੀਹ ਚਾਂਦੀ ਦੇ ਸਿੱਕੇ ਮੇਰੀ ਮਜ਼ਦੂਰੀ ਮੈਨੂੰ ਦੇ ਦਿੱਤੀ । | **ਚਾਂਦੀ ਦੇ ਤੀਹ ਸਿੱਕੇਆਂ ਲਈ ਵਿਸ਼ਵਾਸਘਾਤ** | ਮਤੀ ੨੬: ੧੪<br>ਫਿਰ ਬਾਰ੍ਹਾਂ ਪ੍ਰਮੁੱਖ ਚੇਲਿਆਂ ਵਿਚੋਂ ਇਕ , ਜਿਸ ਦਾ ਨਾਂ ਯਹੂਦਾ ਇਸਕਰਿਉਤੀ ਸੀ, ਮਹਾ ਪੁਰੋਹਿਤਾਂ ਕੋਲ ਗਿਆ, ਅਤੇ ਬੋਲੀਆਂ, "ਜੇਕਰ ਮੈਂ ਯਿਸੂ ਨੂੰ ਤੁਹਾਡੇ ਹੱਥੀਂ ਫੜਵਾ ਦਿਆ ਤਾਂ ਤਸੀਂ ਮੈਨੂੰ ਕੀ ਦਿਉਗੇ ?" ਉਹਨਾਂ ਨੇ ਉਸ ਨੂੰ ਚਾਂਦੀ ਦੇ ਤੀਹ ਸਿੱਕੇ ਤੋਲ ਕੇ ਦਿਤੇ । ਇਸ ਲਈ ਉਸ ਸਮੇਂ ਤੋਂ ਯਹੂਦਾ ਕਿਸੇ ਇਹੋ ਜਿਹੇ ਮੌਕੇ ਦੀ ਭਾਲ ਵਿਚ ਰਹਿਣ ਲਗਾ, ਜਦੋਂ ਕਿ ਉਹ ਯਿਸੂ ਨੂੰ ਫੜਵਾਏ । |
| ਭਜਨ ੩੫: ੧੧<br>ਮੇਰੇ ਵਿਰੁੱਧ ਬੁਰੇ ਲੋਕ ਗਵਾਹੀ ਲਈ ਉਠੇ ਹਨ, ਉਹ ਮੇਰੇ ਤੇ ਦੋਸ਼ ਲਾਉਂਦੇ ਹਨ; ਜਿਨ੍ਹਾਂ ਬਾਰੇ ਮੈਂ ਜਾਣਦਾ ਤਕ ਵੀ ਨਹੀਂ ਹਾਂ । | **ਗਵਾਹਾਂ ਨੇ ਝੂਠੀ ਗਵਾਹੀ ਦਿੱਤੀ** | ਮਰਕੁਸ ੧੪: ੫੭<br>ਕੁਝ ਗਵਾਹਾਂ ਨੇ ਇਸ ਤਰ੍ਹਾਂ ਝੂਠੀ ਗਵਾਹੀ ਦਿੱਤੀ, "ਅਸੀਂ ਇਸ ਨੂੰ ਇਹ ਕਹਿੰਦੇ ਸੁਣਿਆ ਹੈ ਕਿ ਮੈਂ ਇਸ ਹੱਥਾਂ ਦੇ ਬਣੇ<br>ਹੋਏ ਮੰਦਰ ਨੂੰ ਢਾਹ ਦਿਆਂਗਾ ਅਤੇ ਤਿੰਨਾਂ ਦਿਨਾਂ ਵਿਚ ਦੂਜਾ ਉਸਾਰ ਦਿਆਂਗਾ, ਜਿਹੜਾ ਮਨੁੱਖੀ ਹੱਥਾਂ ਦਾ ਬਣਿਆ ਨਹੀਂ ਹੋਵੇਗਾ ।" |
| ਯਸਾਯਾਹ ੫੩: ੭<br>"ਉਹ ਸਤਾਇਆ ਅਤੇ ਦੁੱਖੀ ਕੀਤਾ ਗਿਆ, ਪਰ ਉਸ ਨੇ ਆਪਣੇ ਮੂੰਹੋਂ ਇਕ ਵੀ ਸ਼ਬਦ ਨਾ ਕਢਿਆ । ਜਿਸ ਤਰ੍ਹਾਂ ਲੇਲਾ ਵੱਢੇ ਜਾਣ ਦੇ ਸਮੇਂ ਚੁੱਪ ਰਹਿੰਦਾ, ਅਤੇ ਭੇਡ ਉਨ ਕਤਰਨ ਦੇ | **ਮੂਹ ਨਾਂ ਖੋਲੇਗਾ** | ਮਰਕੁਸ ੧੫: ੪<br>ਪਿਲਾਤੁਸ ਨੇ ਫਿਰ ਯਿਸੂ ਤੋਂ ਪੁਛਿਆ, "ਕੀ ਤੂੰ ਆਪਣੇ ਬਚਾਓ ਲਈ ਕੁਝ ਨਹੀਂ ਕਹਿਣਾ ਚਾਹੁੰਦਾ ? ਦੇਖ ਇਹ ਤੇਰੇ ਵਿਰੁਧ ਕਿੰਨਾ ਕੁਝ ਕਹਿ ਰਹੇ ਹਨ ।" ਪਰ ਯਿਸੂ ਨੇ ਫਿਰ ਕੋਈ |

| | | |
|---|---|---|
| ਸਮੇਂ ਮੂੰਹ ਬੰਦ ਰੱਖਦੀ ਹੈ, ਉਸੇ ਤਰ੍ਹਾਂ ਉਸ ਨੇ ਵੀ ਮੂੰਹ ਬੰਦ ਰਖਿਆ । | | ਉੱਤਰ ਨਾ ਦਿੱਤਾ । ਇਸ ਉਤੇ ਪਿਲਾਤੂਸ ਨੂੰ ਬਹੁਤ ਹੈਰਾਨੀ ਹੋਈ । |
| ਯਸਾਯਾਹ ੫੦: ੬<br>ਮੈਂ ਆਪਣੇ ਮਾਰਨ ਵਾਲਿਆਂ ਸਾਹਮਣੇ ਆਪਣਾ ਪਿੰਡਾ ਨੰਗਾ ਕਰ ਦਿੰਦਾ ਹਾਂ, ਅਤੇ ਉਹ ਜਦੋਂ ਮੇਰਾ ਅਪਮਾਨ ਕਰਦੇ ਹਨ, ਜਾਂ ਮੇਰੀ ਦਾੜ੍ਹੀ ਦੇ ਵਾਲ ਪੁੱਟਦੇ ਹਨ, ਜਾਂ ਮੇਰੇ ਮੂੰਹ ਉਤੇ ਥੁੱਕਦੇ ਹਨ, ਤਾਂ ਮੈਂ ਉਹਨਾਂ ਨੂੰ ਰੋਕਦਾ ਨਹੀਂ ਹਾਂ । | **ਮੂਹ ਉਤੇ ਥੁਕਿਆ, ਚਪੇੜਾਂ ਮਾਰਿਆ** | ਮਤੀ ੨੬: ੬੭<br>ਤਦ ਉਹਨਾਂ ਨੇ ਯਿਸੂ ਦੇ ਮੂੰਹ ਉਤੇ ਥੁਕਿਆ, ਅਤੇ ਮਾਰਿਆ । ਕੁਝ ਨੇ ਇਹ ਕਹਿੰਦੇ ਹੋਇਆਂ ਚਪੇੜਾਂ ਮਾਰੀਆਂ । |
| ਭਜਨ ੩੫: ੧੯<br>ਹੇ ਪ੍ਰਭੂ ਤੂੰ ਬਿਨਾਂ ਕਾਰਨ ਬਣੇ ਮੇਰੇ ਵੈਰੀਆਂ ਨੂੰ ਅਨੰਦਤ ਨਾ ਹੋਣ ਦੇਹ ; ਤੂੰ ਉਹਨਾਂ ਨੂੰ ਮੇਰੇ ਤੇ ਅੱਖਾਂ ਨਾ ਮਟਕਾਉਣ ਦੇਹ ; ਅਤੇ ਨਾ ਹੀ ਮੈਨੂੰ ਘਿਰਣਾ ਕਰਨ ਦੇਹ । | **ਐਵੇਂ ਹੀ ਘਿਰਣਾ ਕੀਤੀ** | ਯੂਹੰਨਾ ੧੫: ੨੪<br>ਜੇਕਰ ਮੈਂ ਉਹਨਾਂ ਵਿਚ ਕੰਮ ਨਾ ਕਰਦਾ, ਜੋ ਕਿਸੇ ਹੋਰ ਨੇ ਨਹੀਂ ਕੀਤੇ, ਤਾਂ ਉਹ ਪਾਪੀ ਨਾ ਠਹਿਰਦੇ, ਪਰ ਹੁਣ ਤਾਂ ਇਹ ਸਭ ਉਹ ਦੇਖ ਚੁੱਕੇ ਹਨ, ਪਰ ਫਿਰ ਵੀ ਉਹਨਾਂ ਨੇ ਸਾਨੂੰ ਦੋਹਾਂ ਨੂੰ, ਮੈਨੂੰ ਅਤੇ ਮੇਰੇ ਪਿਤਾ ਨੂੰ ਘਿਰਣਾ ਕੀਤੀ ਹੈ । |
| ਯਸਾਯਾਹ ੫੩: ੫<br>ਸੋ ਉਹ ਸਾਡੇ ਪਾਪਾਂ ਕਾਰਨ ਜ਼ਖਮੀ ਹੋਇਆ, ਅਤੇ ਸਾਡੇ ਅਪਰਾਧਾਂ ਦੀ ਮਾਰ ਉਸ ਨੇ ਖਾਧੀ । ਪਰ ਉਹਦੇ ਸਜ਼ਾ ਸਹਿਣ ਕਾਰਨ ਅਸੀਂ ਚੱਗੇ ਕੀਤੇ ਗਏ, ਅਤੇ ਉਸ ਦੇ ਮਾਰ ਖਾਣ ਨਾਲ ਅਸੀਂ ਨਰੋਏ ਕੀਤੇ ਗਏ । | **ਹਰਜਾਨਾ ਮੌਤ ਮੋਏ** | ਰੋਮ ੫: ੬<br>ਜਦੋਂ ਅਸੀਂ ਕਮਜ਼ੋਰ ਹੀ ਸਾਂ ਤਾਂ ਮਸੀਹ ਸਾਡੇ ਲਈ, ਜਿਹੜੇ ਪਾਪੀ ਸਾਂ, ਠੀਕ ਠਹਿਰਾਏ ਹੋਏ ਸਮੇਂ ਤੇ ਮੋਏ । |
| ਯਸਾਯਾਹ ੫੩: ੧੨<br>ਇਸ ਲਈ ਮੈਂ ਉਸ ਨੂੰ ਇਕ ਆਦਰ ਵਾਲੀ ਥਾਂ, ਸ਼ਕਤੀਸ਼ਾਲੀ ਅਤੇ ਆਦਰ ਵਾਲੇ ਮਨੁੱਖਾਂ ਵਿਚ ਦੇਵਾਂਗਾ, ਉਸ ਨੇ ਅਣਗਿਣਤ ਪਾਪੀਆਂ ਦੀ ਥਾਂ ਲਈ, ਅਤੇ ਉਹਨਾਂ ਦੀ ਮਾਫੀ ਪ੍ਰਾਪਤੀ ਲਈ ਪ੍ਰਾਰਥਨਾ ਕੀਤੀ ।” | **ਡਾਕੂਆਂ ਨਾਲ ਸਲੀਬ ਚੜ੍ਹਿਆ** | ਮਰਕੁਸ ੧੫: ੨੭<br>ਉਹਨਾਂ ਨੇ ਦੋ ਡਾਕੂਆਂ ਨੂੰ ਯਿਸੂ ਦੇ ਨਾਲ ਸਲੀਬ ਉਤੇ ਚੜ੍ਹਾਇਆ : ਇਕ ਨੂੰ ਸੱਜੇ ਅਤੇ ਦੂਜੇ ਨੂੰ ਖੱਬੇ ਪਾਸੇ । |
| ਜ਼ਕਰਯਾਹ ੧੨: ੧੦<br>“ ਤਦ ਉਸ ਸਮੇਂ ਮੈਂ ਦਾਊਦ ਦੇ ਵੰਸ ਅਤੇ ਯਰੂਸ਼ਲਮ ਦੇ ਨਿਵਾਸੀਆਂ ਦੇ ਮਨ ਤਰਸ ਤੇ ਪ੍ਰਾਰਥਨਾ ਦੀ ਭਾਵਨਾ ਨਾਲ ਭਰ ਦੇਵਾਂਗਾ ਕਿ ਉਹ ਜਦੋਂ ਆਪਣੇ ਕਿਸੇ ਮਰੇ ਨੂੰ ਹੀ ਦੇਖਣ, ਤਾਂ | **ਹੱਥ ਪੈਰ ਖੁੱਬੇ ਜਾਣਗੇ** | ਯੂਹੰਨਾ ੨੦: ੨੭<br>ਇਸ ਦੇ ਪਿੱਛੋਂ ਯਿਸੂ ਨੇ ਥੋਮਾ ਨੂੰ ਆਖਿਆ, “ਆਪਣੀ ਉਂਗਲੀ ਉਰੇ ਕਰ ਅਤੇ ਦੇਖ ਮੇਰੇ ਹੱਥ, ਨਾਲੇ ਆਪਣਾ ਹੱਥ ਮੇਰੀ ਵੱਖੀ ਵਿਚ ਪਾ ਕੇ ਵੀ ਵੇਖ ਅਤੇ ਆਪਣੇ ਸ਼ੱਕ ਨੂੰ ਦੂਰ |

| | | |
|---|---|---|
| ਉਸ ਦੇ ਲਈ ਇਸੇ ਤਰ੍ਹਾਂ ਸੋਗ ਕਰਨ, ਜਿਸ ਤਰ੍ਹਾਂ ਉਹਨਾਂ ਦੀ ਇਕ ਮਾਤਰ ਸੰਤਾਨ ਮਰ ਗਈ ਹੋਵੇ । ਉਹ ਉਸ ਉਤੇ ਇਸ ਤਰ੍ਹਾਂ ਰੋਣਗੇ, ਜਿਸ ਤਰ੍ਹਾਂ ਉਹਨਾਂ ਦਾ ਇਕਲੌਤਾ ਪੁੱਤਰ ਮਰ ਗਿਆ ਹੈ । | | ਕਰ ਅਤੇ ਵਿਸ਼ਵਾਸ ਕਰ ।" |
| ਭਜਨ ੨੨:੭<br>ਹਰ ਕੋਈ ਦੇਖਣ ਵਾਲਾ ਮੈਨੂੰ ਮਖੌਲ ਕਰਦਾ ਹੈ, ਉਹ ਮੇਰਾ ਮੂੰਹ ਚੜ੍ਹਾਉਂਦੇ ਅਤੇ ਮੇਰੇ ਤੇ ਸਿਰ ਮਾਰਦੇ ਹਨ । ਉਹ ਕਹਿੰਦੇ ਹਨ : :ਇਸ ਨੇ ਆਪਣਾ ਭਰੋਸਾ ਪ੍ਰਭੂ ਤੇ ਰੱਖਿਆ ਹੈ, ਹੁਣ ਉਹ ਇਸ ਨੂੰ ਬਚਾਵੇ, ਜੇਕਰ ਉਹ ਇਸ ਤੋਂ ਪਰਸੰਨ ਹੈ, ਤਾਂ ਇਸ ਨੂੰ ਸੰਭਾਲੇ ।" | **ਠੱਠਾ ਕੀਤਾ ਜਾਵੇਗਾ** | ਲੂਕਾ ੨੩:੩੫<br>ਉਥੇ ਖੜੇ ਲੋਕੀਂ ਇਹ ਸਭ ਦੇਖ ਰਹੇ ਸਨ { ਯਹੂਦੀਆਂ ਦੇ ਨੇਤਾ ਯਿਸੂ ਨੂੰ ਠੱਠੇ ਕਰਕੇ ਕਹਿ ਰਹੇ ਸਨ, "ਇਸ ਨੇ ਦੂਜਿਆ ਨੂੰ ਬਚਾਇਆ, ਅਤੇ ਫਿਰ ਜੇਕਰ ਇਹ ਪਰਮੇਸ਼ਰ ਦਾ ਚੁਣਿਆ ਮਸੀਹ ਹੈ, ਤਾਂ ਆਪਣੇ ਆਪ ਨੂੰ ਬਚਾਵੇ ।" |
| ਭਜਨ ੬੯:੯<br>ਹੇ ਪਰਮੇਸ਼ਰ ਤੇਰੇ ਘਰ ਦੀ ਲਗਨ ਮੈਨੂੰ ਖਾ ਗਈ, ਅਤੇ ਤੇਰੇ ਨਿੰਦਕਾਂ ਦੀ ਨਿੰਦਾ ਮੇਰੇ ਤੇ ਆ ਪਈ ਹੈ । | **ਨਿਦੰਨ ਵਾਲਿਆਂ ਦੁਆਰਾ ਨਿੰਦਾ ਮਿਲੀ** | ਰੋਮ ੧੫: ੩<br>ਕਿਉਂਕਿ ਮਸੀਹ ਨੇ ਵੀ ਆਪਣੇ ਹੀ ਭਲੇ ਬਾਰੇ ਨਾ ਸੋਚਿਆ – ਜਿਸ ਤਰ੍ਹਾਂ ਧਰਮ ਗ੍ਰੰਥ ਦੱਸਦਾ ਹੈ : "ਤੇਰੇ ਨਿੰਦਨ ਵਾਲਿਆਂ ਦੁਆਰਾ ਮੈਨੂੰ ਨਿੰਦਾ ਮਿਲੀ ।" |
| ਭਜਨ ੧੦੯:੪<br>ਮੇਰੇ ਪਿਆਰ ਦੀ ਥਾਂ, ਉਹ ਮੇਰੇ ਵੈਰੀ ਬਣੇ ਬੈਠੇ ਹਨ; ਮੈਂ ਤਾਂ ਉਹਨਾਂ ਲਈ ਪ੍ਰਾਰਥਨਾ ਵੀ ਕੀਤੀ ਹੈ । | **ਦੁਸ਼ਮਨਾ ਲਈ ਪ੍ਰਾਰਥਨਾ** | ਲੂਕਾ ੨੩:੩੪<br>ਯਿਸੂ ਨੇ ਸਲੀਬ ਉਤੇ ਕਿਹਾ, "ਪਿਤਾ ਇਹਨਾਂ ਨੂੰ ਮਾਫ਼ ਕਰ, ਕਿਉਂਕਿ ਇਹ ਨਹੀਂ ਜਾਣਦੇ ਕਿ ਇਹ ਕੀ ਕਰ ਰਹੇ ਹਨ ।" |
| ਭਜਨ ੨੨:੧੭<br>ਮੇਰੀਆਂ ਸਭ ਹੱਦੀਆਂ ਗਿਣੀਆਂ ਜਾ ਸਕਦੀਆਂ ਹਨ, ਉਹ ਘੂਰ ਘੂਰ ਕੇ ਮੈਂਨੂੰ ਦੇਖ ਰਹੇ ਹਨ । ਉਹਨਾਂ ਨੇ ਮੇਰੇ ਕਪੜੇ ਆਪੋ ਵਿਚ ਵੰਡ ਲਏ ਹਨ, ਅਤੇ ਮੇਰੇ ਚੋਗੇ ਉਤੇ ਗੁਣੇ ਪਾਏ ਹਨ । | **ਅੁਸਦੇ ਕਪੜੇਆਂ ਲਈ ਗੁਣੇ ਪਾਏ** | ਮਤੀ ੨੭:੩੫, ੩੬<br>ਫਿਰ ਉਹਨਾਂ ਨੇ ਯਿਸੂਨੂੰ ਸਲੀਬ ਉਤੇ ਚੜ੍ਹਾ ਦਿੱਤਾ ਅਤੇ ਗੁਣੇ ਦੁਆਰਾ ਸਿਪਾਹਿਆਂ ਨੇ ਯਿਸੂ ਦੇ ਕਪੜੇ ਵੀ ਆਪੋ ਵਿਚ ਵੰਡ ਲਏ ।ਇਸ ਦੇ ਪਿੱਛੋਂ ਉਹ ਉਥੇ ਬੈਠ ਕੇ ਪਹਿਰਾ ਦੇਣ ਲਗੇ । |
| ਭਜਨ ੨੨:੧<br>ਹੇ ਮੇਰੇ ਪਰਮੇਸ਼ਰ, ਹੇ ਮੇਰੇ ਪਰਮੇਸ਼ਰ, ਤੂੰ ਮੈਂਨੂੰ ਕਿਉਂ ਛੱਡ ਦਿੱਤਾ ਹੈ ? ਮਦਦ ਦੇ ਲਈ ਮੇਰੀ ਪੁਕਾਰ, ਤੇਰੇ ਤੋਂ ਕਿਉਂ ਦੂਰ ਹੈ ? | **ਪਰਮੇਸ਼ਰ ਤੋਂ ਅਲਗ** | ਮਤੀ ੨੭: ੪੬<br>ਤੀਜੇ ਪਹਿਰ ਯਿਸੂ ਨੇ ਉਚੀ ਅਵਾਜ਼ ਨਾਲ ਪੁਕਾਰ ਕੇ ਕਿਹਾ, "ਏਲੀ ਏਲੀ, ਲਾਮਾ ਸਬਕਤਨੀ " ਜਿਸ ਦਾ ਅਰਥ ਹੈ, "ਹੇ ਮੇਰੇ ਪਰਮੇਸ਼ਰ ਤੂੰ ਮੈਨੂੰ ਕਿਉਂ |

| | | |
|---|---|---|
| | | ਛੱਡ ਦਿੱਤਾ ਹੈ ।” |
| ਭਜਨ ੩੪: ੨੦<br>ਉਹ ਉਸ ਦਿਆਂ ਸਭ ਹੱਡੀਆਂ ਨੂੰ ਸੁਰੱਖਿਅਤ ਰੱਖਦਾ ਹੈ, ਅਤੇ ਉਸ ਦੀ ਕੋਈ ਹੱਡੀ ਵੀ ਨਹੀਂ ਟੁਟਦੀ । | **ਕੋਈ ਹੱਡੀ ਨਾਂ ਟੁਟੇਗੀ** | ਯੂਹੰਨਾ ੧੯: ੩੨, ੩੩, ੩੬<br>ਇਸ ਲਈ ਸਿਪਾਹੀ ਗਏ ਅਤੇ ਪਹਿਲਾਂ ਉਹਨਾਂ, ਉਹਨਾਂ ਦੋਹਾਂ ਆਦਮੀਆਂ ਦੀਆਂ ਲੱਤਾਂ ਤੋੜੀਆਂ, ਜੋ ਯਿਸੂ ਦੇ ਨਾਲ ਸਲੀਬ ਦਿੱਤੇ ਗਏ ਸਨ । ਫਿਰ ਜਦੋਂ ਉਹ ਯਿਸੂ ਕੋਲ ਆਏ, ਉਹਨਾਂ ਦੇਖਿਆ ਕਿ ਉਹ ਪਹਿਲਾਂ ਹੀ ਮਰ ਚੁਕੇ ਹਨ । ਇਸ ਲਈ ਉਹਨਾਂ ਯਿਸੂ ਦੀਆਂ ਲੱਤਾਂ ਨਾ ਤੋੜਿਆਂ । ਇਹ ਇਸ ਲਈ ਹੋਇਆ ਕਿ ਧਰਮ ਗ੍ਰੰਥ ਦੀ ਇਹ ਗੱਲ ਪੂਰੀ ਹੋਵੇ, “ ਉਸ ਦੀ ਕੋਈ ਹੱਡੀ ਨਾ ਤੋੜੀ ਗਈ ।” |
| ਜ਼ਕਰਯਾਹ ੧੨:੧੦<br>“ਤਦ ਉਸ ਸਮੇਂ ਮੈਂ ਦਾਉਦ ਦੇ ਵੰਸ ਅਤੇ ਯਰੂਸ਼ਲਮ ਦੇ ਨਿਵਾਸੀਆਂ ਦੇ ਮਨ ਤਰਸ ਤੇ ਪ੍ਰਾਰਥਨਾ ਦੀ ਭਾਵਨਾ ਨਾਲ ਭਰ ਦੇਵਾਂਗਾ ਕਿ ਉਹ ਜਦੋਂ ਆਪਣੇ ਕਿਸੇ ਮਰੇ ਨੂੰ ਹੀ ਦੇਖਣ, ਤਾਂ ਉਸ ਦੇ ਲਈ ਇਸੇ ਤਰ੍ਹਾਂ ਸੋਗ ਕਰਨ, ਜਿਸ ਤਰ੍ਹਾਂ ਉਹਨਾਂ ਦੀ ਇਕ ਮਾਤਰ ਸੰਤਾਨ ਮਰ ਗਈ ਹੋਵੇ । ਉਹ ਉਸ ਉਤੇ ਇਸ ਤਰ੍ਹਾਂ ਰੋਣਗੇ, ਜਿਸ ਤਰ੍ਹਾਂ ਉਹਨਾਂ ਦਾ ਇਕਲੌਤਾ ਪੁੱਤਰ ਮਰ ਗਿਆ ਹੈ ।” | **ਵੱਖੀ ਵਿਚ ਨੇਜ਼ਾ ਮਾਰਿਆ ਜਾਨਾ** | ਯੂਹੰਨਾ ੧੯: ੩੪<br>ਫਰ ਇਕ ਸਿਪਾਹੀ ਨੇ ਉਹਨਾਂ ਦੀ ਵੱਖੀ ਦੇ ਵਿਚ ਨੇਜ਼ਾ ਮਾਰਿਆ, ਤੁਰੰਤ ਹੀ ਵੱਖੀ ਵਿਚੋਂ ਲਹੂ ਅਤੇ ਪਾਣੀ ਵਗ ਪਿਆ । |
| ਯਸਾਯਾਹ ੫੩:੯<br>ਉਸ ਦੀ ਕਬਰ ਦੁਸ਼ਟਾਂ ਦੇ ਨਾਲ ਰੱਖੀ ਗਈ, ਅਤੇ ਉਹ ਅਮੀਰ ਦੀ ਕਬਰ ਵਿਚ ਦਫ਼ਨਾਇਆ ਗਿਆ । ਪਰ ਉਸ ਨੇ ਨਾ ਤਾਂ ਕੋਈ ਅਪਰਾਧ ਕੀਤਾ ਸੀ ? ਅਤੇ ਨਾ ਹੀ ਕੋਈ ਝੂਠ ਬੋਲੀਆਂ ਸੀ ।” | **ਧਨੀ ਆਦਮੀ ਦੀ ਕਬਰ ਵਿਚ ਰਖਿਆ ਜਾਣਾ** | ਮਤੀ ੨੭: ੫੭-੬੦<br>ਜਦੋਂ ਤਰਕਾਲਾਂ ਪੈ ਗਈਆਂ, ਥਾਂ ਅਰਿਮਤੀਆ ਨਿਵਾਸੀ ਧਨੀ ਆਦਮੀ ਜਿਸ ਦਾ ਨਾਂ ਯੂਸਫ਼ ਸੀ ਆਇਆ, ਉਹ ਵੀ ਯਿਸੂ ਦਾ ਚੇਲਾ ਸੀ । ਉਹ ਪਿਲਾਤੂਸ ਰਾਜਪਾਲ ਕੋਲ ਗਿਆ, ਅਤੇ ਯਿਸੂ ਦੀ ਲਾਸ਼ ਮੰਗੀ । ਪਿਲਾਤੂਸ ਨੇ ਯੂਸਫ਼ ਨੂੰ ਲਾਸ਼ ਦੇਣ ਦਾ ਹੁਕਮ ਦਿੱਤਾ । ਇਸ ਲਈ ਯੂਸਫ਼ ਨੇ ਲਾਸ਼ ਲਈ ਅਤੇ ਇਕ ਮਲ ਮਲ ਦੀ ਚਾਦਰ ਵਿਚ ਲਪੇਟੀ, ਅਤੇ ਆਪਣੀ |

| | | |
|---|---|---|
| | | ਨਵੀਂ ਬਣੀ ਕਬਰ ਵਿਚ ਰੱਖ ਦਿੱਤੀ । ਇਹ ਕਬਰ ਚਟਾਨ ਦੇ ਵਿਚ ਖੋਦੀ ਹੋਈ ਸੀ । ਇਹ ਕਰਨ ਦੇ ਪਿੱਛੋਂ ਉਸ ਨੇ ਇਕ ਭਾਰਾ ਪੱਥਰ ਕਬਰ ਦੇ ਮੂੰਹ ਤੇ ਰੋੜ ਦਿੱਤਾ ਅਤੇ ਉਥੋਂ ਚਲਾ ਗਿਆ । |
| ਭਜਨ ੧੬: ੧੦<br>ਤੂੰ ਮੈਨੂੰ ਨਰਕ ਕੁੰਢ ਵਿਚ ਜਾਣ ਨਹੀਂ ਦੇਵੇਂਗਾ, ਤੂੰ ਨਹੀਂ ਚਾਹੁੰਦਾ ਕੇ ਤੇਰਾ ਪਵਿੱਤਰ ਜਨ ਕਬਰ ਦਾ ਮੂੰਹ ਦੇਖੇ ।<br>ਭਜਨ ੪੯:੧੫<br>ਪਰ ਪਰਮੇਸ਼ਰ ਮੇਰਾ ਮੁਲ ਦੇ ਕੇ, ਪਤਾਲ ਕੁੰਢ ਵਿਚੋਂ ਮੈਨੂੰ ਮੁਕਤ ਕਰੇਗਾ; ਅਤੇ ਉਹ ਮੈਨੂੰ ਸਵੀਕਾਰ ਕਰੇਗਾ । | **ਪੁਨਰਉਥਾਨ ਹੋਵੇਗਾ** | ਮਰਕੁਸ ੧੬:੬, ੭<br>ਪਰ ਉਸ ਨੌਜਵਾਨ ਨੇ ਉਹਨਾਂ ਨੂੰ ਕਿਹਾ, "ਘਬਰਾਓ ਨਹੀਂ, ਤੁਸੀਂ ਨਾਸਰਤ ਨਿਵਾਸੀ ਯਿਸੂ, ਜਿਸ ਨੂੰ ਸਲੀਬ ਦਿੱਤਾ ਗਿਆ ਸੀ ਲੱਭ ਰਹੀਆਂ ਹੋ, ਉਹ ਇਥੇ ਨਹੀਂ ਹੈ । ਉਹ ਜੀ ਉੱਠੇ ਹਨ । ਦੇਖੋ ਇਹ ਉਹ ਥਾਂ ਹੈ, ਜਿਥੇ ਉਹ ਰੱਖੇ ਗਏ ਸਨ । |
| ਭਜਨ ੬੮:੧੮<br>ਪ੍ਰਭੂ ਅਣਗਿਣਤ ਰੱਥਾਂ ਦੇ ਨਾਲ, ਸੀਨੇ ਪਹਾੜ ਤੇ, ਅਰਥਾਤ ਪਵਿੱਤਰ ਥਾਂ ਤੇ ਉੱਤਰ ਆਇਆ । ਉਹ ਉਚੀ ਥਾਂ ਚੜ੍ਹ ਗਿਆ, ਅਤੇ ਆਪਣੇ ਨਾਲ ਕੈਦਿਆਂ ਨੂੰ ਵੀ ਲੈ ਗਿਆ । ਉਸ ਨੇ ਵਿਦਰੋਹੀਆਂ ਦੇ ਹੱਥੋਂ ਵੀ ਉਪਹਾਰ ਲਏ, ਪ੍ਰਭੂ ਪਰਮੇਸ਼ਰ ਉਥੇ ਹਮੇਸ਼ਾ ਤਕ ਰਹੇਗਾ । | **ਅਸਮਾਨ ਤੇ ਚਡ ਗਿਆ ਅਤੇ ਪਰਮੇਸ਼ਰ ਦੇ ਸੱਜੇ ਹੱਥ ਬੈਠਾ ਹੈ ।** | ਮਰਕੁਸ ੧੬:੧੯<br>ਫਿਰ ਜਦੋਂ ਪ੍ਰਭੂ ਯਿਸੂ ਉਹਨਾਂ ਨਾਲ ਗੱਲਾਂ ਕਰ ਹੱਟੇ, ਤਾਂ ਉਹ ਸਵਰਗ ਵਿਚ ਉੱਠਾ ਲਏ ਗਏ ਅਤੇ ਉਹ ਪਰਮੇਸ਼ਰ ਦੇ ਸੱਜੇ ਹੱਥ ਜਾ ਬੈਠੇ ।<br>੧ ਕੁਰਿਥੁਸ ੧੫:੪<br>ਧਫ਼ਨਾਏ ਗਏ ਅਤੇ ਫਿਰ ਧਰਮ ਗ੍ਰੰਥ ਵਿਚ ਲਿਖੇ ਅਨੁਸਾਰ ਹੀ ਤੀਜੇ ਦਿਨ ਜ਼ਿੰਦਾ ਵੀ ਕੀਤੇ ਗਏ ।<br>ਅਫਸੀਆਂ ੪:੮<br>ਇਸੇ ਲਈ ਧਰਮ ਗ੍ਰੰਥ ਕਹਿੰਦਾ ਹੈ : "ਜਦੋਂ ਉਹ ਉਚਾਈਆਂ ਤੇ ਚੜ੍ਹ ਗਿਆ, ਤਾਂ ਉਹ ਆਪਣੇ ਨਾਲ ਬੰਦੀਆਂ ਨੂੰ ਲੈ ਗਿਆ ; ਉਸਨੇ ਮਨੁੱਖਾਂ ਨੂੰ ਦਾਤਾਂ ਦਿੱਤੀਆਂ ।" |